Roll No. ......................... Total No. of Pages : 3

# PC 13476-NJ

**E-25/2111**
**PUNJABI–1107T/106**
**Semester-I**

Time Allowed : Three Hours] [Maximum Marks : 75

**ਭਾਗ—ੳ**

I. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ **ਇੱਕ** ਦਾ ਸਾਰ ਲਿਖੋ :

(ੳ) ਆਰਤੀ

(ਅ) ਮੂਹ ਆਈ ਬਾਤ ਨ ਰਹਿੰਦੀ ਏ

(ੲ) ਤੋੜ ਸਿੰਗਾਰ ਸੱਸੀ ਉੱਠ ਦੌੜੀ। 10

II. ਕਿਸੇ **ਇੱਕ** ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਬੇੜਾ ਬੰਧਿ ਨਾ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੈ ਤਬੁ ਤਰਣੁ ਦੁਹੇਲਾ॥1॥
ਹਥ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥ ਰਹਾਉ॥

(ਅ) ਜੰਡ ਦੇ ਹੇਠਾਂ ਜੱਟ ਸੌਂ ਰਿਹਾ, ਲਾਲ ਦੁਸ਼ਾਲਾ ਤਾਣ,
ਵਹੀ ਚਲਾਈਆਂ ਕਾਨੀਆਂ, ਮੌਤ ਨ ਦਿੰਦੀ ਜਾਣ।
ਮੱਥੇ ਵਿੱਚ ਕਲਜੋਗਣਾਂ, ਫਤਹ ਨਾ ਦਿੱਤੀ ਹੋਣ,
ਲਿਖੀਆਂ ਡਾਢੇ ਰੱਬ ਦੀਆਂ, ਮੇਟਣ ਵਾਲਾ ਕੌਣ।

(ੲ) ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,

ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ।

ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,

ਜੇੜੀਆਂ ਖਾਲਸੇ ਤੇਗਾਂ ਮਾਰੀਆਂ ਨੀ। 7

III. ਕਿਸੇ **ਇੱਕ** ਕਹਾਣੀ ਦਾ ਸਾਰ ਲਿਖੋ :

(ੳ) ਰਾਸ-ਲੀਲ੍ਹਾ

(ਅ) ਮਿਸ ਸੌਫ਼ਟ

(ੲ) ਅਲ੍ਹੜ ਬਲ੍ਹੜ ਬਾਵੇ ਦਾ। 10

**ਭਾਗ—ਅ**

IV. ਕਿਸੇ **ਇੱਕ** ਵਿਸ਼ੇ ਉਪਰ ਪੈਰਾ-ਰਚਨਾ ਕਰੋ :

(ੳ) ਕਿਸਾਨੀ ਜੀਵਨ ਦੀਆਂ ਸਮੱਸਿਆਵਾਂ

(ਅ) ਮਾਂ-ਬੋਲੀ ਦਾ ਮਹੱਤਵ

(ੲ) ਘੱਟ ਰਿਹਾ ਧਰਤੀ ਹੇਠਲਾ ਪਾਣੀ। 8

V. ਸਵਰ ਧੁਨੀਆਂ ਤੋਂ ਕੀ ਭਾਵ ਹੈ ? ਪੰਜਾਬੀ ਦੀਆਂ ਸਵਰ ਧੁਨੀਆਂ ਦੀ ਵਰਗ-ਵੰਡ ਕਰੋ।

**ਜਾਂ**

ਉਚਾਰਨ ਸਥਾਨ ਦੀ ਦ੍ਰਿਸ਼ਟੀ ਤੋਂ ਪੰਜਾਬੀ ਵਿਅੰਜਨ ਧੁਨੀਆਂ ਦਾ ਵਰਗੀਕਰਨ ਕਰੋ।

**ਜਾਂ**

ਪੰਜਾਬੀ ਵਿੱਚ ਸੁਰ, ਬਲ ਤੇ ਨਾਸਿਕਤਾ ਬਾਰੇ ਜਾਣਕਾਰੀ ਦਿਓ। 10



**ਭਾਗ—ੲ**

VI. ਹੇਠਾਂ ਪੁੱਛੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(1) 'ਕਾਵਿ-ਟਕਸਾਲ' ਪਾਠ-ਪੁਸਤਕ ਦੇ ਸੰਪਾਦਕਾਂ ਦੇ ਨਾਂ ਲਿਖੋ।

(2) 'ਖੈਰੁ ਦੀਜੈ ਬੰਦਗੀ' ਰਚਨਾ ਦਾ ਕੇਂਦਰੀ ਭਾਵ ਲਿਖੋ।

(3) 'ਬਿਨ ਮਸਲਤਿ ਉਠ ਜਾਣਾ' ਕਿਸ ਕਵੀ ਦੀ ਰਚਨਾ ਹੈ ?

(4) 'ਕਾਵਿ-ਟਕਸਾਲ' ਪੁਸਤਕ ਵਿੱਚ ਦਰਜ ਗੁਰੂ ਗੋਬਿੰਦ ਸਿੰਘ ਜੀ ਦੀ ਕਿਸੇ ਇੱਕ ਰਚਨਾ ਦਾ ਨਾਂ ਲਿਖੋ।

(5) ਸ਼ਾਮ ਸਿੰਘ ਅਟਾਰੀਵਾਲਾ ਨੂੰ ਅੱਜ ਵੀ ਕਿਉਂ ਯਾਦ ਕੀਤਾ ਜਾਂਦਾ ਹੈ ?

(6) ਭਾਬੀ ਮੈਨਾ ਨੇ ਆਤਮ ਹੱਤਿਆ ਕਿਉਂ ਕੀਤੀ ?

(7) 'ਗੁਟਾਰ' ਕਹਾਣੀ ਵਿਚਲਾ ਵਰਿਆਮ ਸਿੰਘ ਕਿਹੜੇ ਕੈਦੀਆਂ ਨੂੰ ਪਸੰਦ ਕਰਦਾ ਸੀ ਅਤੇ ਕਿਹੜਿਆਂ ਨੂੰ ਨਫ਼ਰਤ ?

(8) 'ਸ਼ਹਿਰਜ਼ਾਦ' ਕਹਾਣੀ ਦੇ ਲੇਖਕ ਦਾ ਨਾਂ ਲਿਖੋ।

(9) 'ਹੁੰਮਸ' ਕਹਾਣੀ ਵਿੱਚ ਜੋਗਾ ਸਿੰਘ ਨੇ ਆਪਣੇ ਸਾਲੇ ਨੂੰ ਕਿਉਂ ਮਰਵਾਇਆ ?

(10) 'ਅੰਗ-ਸੰਗ' ਕਹਾਣੀ ਦੇ ਪਾਤਰ ਅਮਰੀਕ ਸਿੰਘ ਨੂੰ ਆਪਣੇ ਪਿਓ ਦੇ ਜਿਉਂਦਿਆਂ ਪਰਿਵਾਰ ਦੀ ਫ਼ਿਕਰ ਕਿਉਂ ਨਹੀਂ ਸੀ ?

(11) ਚਾਰ ਦੀਰਘ ਸਵਰ ਲਿਖੋ।

(12) ਸਵਰ ਸੰਯੋਗ ਦੀਆਂ ਦੋ ਉਦਾਹਰਣਾਂ ਦਿਓ।

(13) ਪੰਜਾਬੀ ਵਿਅੰਜਨ ਧੁਨੀਆਂ ਦਾ ਵਰਗੀਕਰਨ ਕਿਹੜੇ-ਕਿਹੜੇ ਅਧਾਰ ਤੇ ਕੀਤਾ ਜਾਂਦਾ ਹੈ ?

(14) ਚਾਰ ਤਾਲਵੀ ਜਾਂ ਦੰਤੀ ਵਿਅੰਜਨ ਲਿਖੋ।

(15) ਪੰਜਾਬੀ ਵਿੱਚੋਂ ਕਿਹੜੀਆਂ ਸੋਘਸ਼ ਮਹਾਂਪ੍ਰਾਣ ਧੁਨੀਆਂ ਅਲੋਪ ਹੋ ਗਈਆਂ ਹਨ ਜਿਹਨਾਂ ਦੀ ਥਾਂ ਸੁਰ ਨੇ ਲੈ ਲਈ ਹੈ ? $15 \times 2 = 30$